ISSN: 2584-0509



(Page 242 to 254)

# ਨਾਟਕ 'ਪਲੰਘ ਪੰਘੂੜਾ' ਵਿੱਚ ਇੱਛਰਾਂ ਪਾਤਰ:ਇੱਕ ਅਧਿਐਨ



ਕਿਰਨਦੀਪ ਕੌਰ
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ।
kirandangon1992@gmail.com

ਆਧੁਨਿਕ ਪੰਜਾਬੀ ਕਾਵਿ ਜਗਤ ਵਿੱਚ ਇਕਬਾਲ ਰਾਮੂਵਾਲੀਆ ਦਾ ਆਪਣਾ ਇੱਕ ਵਿਲੱਖਣ ਸਥਾਨ ਹੈ। ਕਿਸੇ ਵੀ ਸਾਹਿਤਕਾਰ ਅੰਦਰ ਅੱਖਰਾਂ ਨੂੰ ਰਚਨਾ ਤੱਕ ਅਪੜਾ ਦੇਣ ਲਈ ਉਸਦੇ ਨਿੱਜੀ ਜੀਵਨ ਦੀ ਅਮਿਟ ਛਾਪ ਹੁੰਦੀ ਹੈ ਕਿਉਂਕਿ ਸਾਹਿਤਕਾਰ ਜੋ ਸਮਾਜ ਵਿੱਚ ਹਾਸਿਲ ਕਰਦਾ ਹੈ ਉਸੇ ਦਾ ਪਰਛਾਵਾਂ ਉਸਦੀਆਂ ਕਿਰਤਾਂ ਵਿੱਚ ਵੀ ਝਲਕਦਾ ਹੈ। ਇਸ ਲਈ ਇਸ ਪਰਛਾਵੇ ਤੱਕ ਅਪੜਣ ਲਈ ਸਾਨੂੰ ਇਕਬਾਲ ਰਾਮੂਵਾਲੀਆ ਦੇ ਜੀਵਨ ਵੇਰਵੇ ’ਤੇ ਝਾਤ ਮਾਰਨੀ ਜ਼ਰੂਰੀ ਹੈ ਜੋ ਉਸ ਦੀ ਰਚਨਾ ਵਿੱਚ ਪੈਰ-ਪੈਰ ’ਤੇ ਸਮਾਈ ਹੋਈ ਹੈ।

ਇਕਬਾਲ ਰਾਮੂਵਾਲੀਆ ਦਾ ਜਨਮ 22 ਫਰਵਰੀ 1946 ਨੂੰ ਪੰਜਾਬ ਦੇ ਪਿੰਡ ਰਾਮੂਵਾਲਾ ਜ਼ਿਲ੍ਹਾ ਮੋਗਾ ’ਚ ਪ੍ਰਸਿੱਧ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਅਤੇ ਸ੍ਰੀਮਤੀ ਦਲਜੀਤ ਕੌਰ ਦੇ ਘਰ ਹੋਇਆ। ਘਰ ਵਿੱਚ ਗਰੀਬੀ ਹੋਣ ਕਰਕੇ ਉਸਨੂੰ ਛੋਟੀ ਉਮਰ ਵਿੱਚ ਹੀ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪਿਆ। ਇਕਬਾਲ ਰਾਮੂਵਾਲੀਆ ਨੇ ਮੁੱਢਲੀ ਪੜ੍ਹਾਈ ਪਿੰਡ ਵਿੱਚ ਹੀ ਪੂਰੀ ਕੀਤੀ। ਸਾਹਿਤ ਦੀ ਚੇਟਕ ਘਰੇਲੂ ਮਾਹੌਲ ਰਾਹੀ ਹੀ ਲੱਗੀ। ਘਰ ਵਿੱਚ ਪਿਤਾ ਪਾਰਸ ‘ਪ੍ਰੀਤਲੜੀ’ ਅਤੇ ਪੰਜਾਬੀ, ਹਿੰਦੀ ’ਤੇ ਉਰਦੂ ਦੇ ਹੋਰ ਅਨੇਕਾਂ ਰਸਾਲੇ ਪੜ੍ਹਦਾ ਸੀ। ਡੀ.ਐਮ. ਕਾਲਜ ਮੋਗਾ ਵਿੱਚ ਪੜਦਿਆਂ ਮਾਰਕਸੀ ਵਿਚਾਰਾਂ ਵਾਲੇ ਪਰਚਿਆਂ ਅਤੇ ਅਖਬਾਰਾਂ ਵੱਲ ਰੁਚਿਤ ਹੋਇਆ। ਐਮ.ਏ. ਅੰਗਰੇਜ਼ੀ ਅਤੇ ਬੀ.ਐੱਡ ਕਰਨ ਉਪਰੰਤ ਇਕਬਾਲ ਰਾਮੂਵਾਲੀਆ 1970 ਵਿੱਚ ਗੁਰੂ ਹਰਗੋਬਿੰਦ ਕਾਲਜ ਸੁਧਾਰ ਵਿੱਚ ਅੰਗਰੇਜ਼ੀ ਦਾ ਲੈਕਚਰਾਰ ਲੱਗ ਗਿਆ। ਇੱਥੇ ਲਗਾਤਾਰ ਪੰਜ ਸਾਲ ਅੰਗਰੇਜ਼ੀ ’ਚ ਸਾਹਿਤ ਸੱਭਿਆਚਾਰ ਦੀ ਸਿੱਖਿਆ ਦਿੱਤੀ। 1972 ਈਸਵੀਂ ਵਿੱਚ ਇਕਬਾਲ ਰਾਮੂਵਾਲੀਆ ਦਾ ਛੋਟਾ ਭਰਾ ਰਸ਼ਪਾਲ ਰਾਮੂਵਾਲੀਆ ਕੈਨੇਡਾ ਆਵਾਸ ਕਰ ਗਿਆ ਸੀ। ਉਸਨੇ ਕੈਨੇਡਾ ਪਹੁੰਚ ਕੇ ਇਕਬਾਲ ਨੂੰ ਕੈਨੇਡਾ ਆਉਣ ਦੀ ਸਲਾਹ ਦਿੱਤੀ ਅਤੇ 1975 ਈਸਵੀਂ ਵਿੱਚ ਇਕਬਾਲ ਰਾਮੂਵਾਲੀਆ ਵੀ ਅਧਿਆਪਨ ਦਾ ਕਿੱਤਾ ਛੱਡ ਕੇ ਕੈਨੇਡਾ ਪਹੁੰਚ ਗਿਆ। ਵਿਦੇਸ਼ ਪਹੁੰਚਦਿਆਂ ਹੀ ਪੰਜਾਬ ਵਿਚਲੇ ਰਿਸ਼ਤੇ ਨਾਤਿਆਂ ਦੇ ਅਰਥ ਹੋਰ ਡੂੰਘੇ ਹੋ ਗਏ ਸਨ। ਪੰਜਾਬ ਦੀ ਜ਼ਿੰਦਗੀ ਜਿਆਦਾ ਸਮਝ ਆਉਣ ਲੱਗ ਪਈ ਸੀ। ਕੈਨੇਡਾ ਆਵਾਸ ਤੋਂ ਬਾਅਦ ਇਕਬਾਲ ਰਾਮੂਵਾਲੀਆ ਨੇ ਲੱਕ ਤੋੜਵੀ ਮਿਹਨਤ ਕੀਤੀ। ਮਿਹਨਤ ਮੁਸ਼ੱਕਤ ਦੇ ਨਾਲ-ਨਾਲ ਇਕਬਾਲ ਰਾਮੂਵਾਲੀਆ ਨੇ ਆਪਣੀ ਪੜ੍ਹਾਈ ਦੇ ਸ਼ੌਂਕ ਨੂੰ ਪੂਰਾ ਕਰਨ ਲਈ ਕੈਨੇਡਾ



www.khojnama.com khojnamapb03@gmail.com

ਦੀਆਂ ਯੂਨੀਵਰਸਿਟੀਆਂ ਵਿੱਚ ਦਾਖਲਾ ਲਿਆ। ਇਸੇ ਦੌਰਾਨ ਕਵਿਤਾ ਨਾਲ ਮੁੜ ਨੇੜਤਾ ਬਣਾਈ। ਉਸਨੇ ਆਪਣੀ ਪਹਿਲੀ ਰਚਨਾ ਦਸਵੀਂ 'ਚ ਪੜਦਿਆਂ ਇੱਕ ਗਜ਼ਲ 'ਰੋ ਲਵਾਂ ਬਸ ਰੋ ਲਵਾਂ ਯਾਦ ਕਰਕੇ ਰੋ ਲਵਾਂ' ਲਿਖੀ ਜੋ ਬਾਅਦ ਵਿੱਚ ਡੀ.ਐਮ. ਕਾਲਜ ਮੋਗਾ ਦੇ ਕਾਲਜ ਮੈਗਜ਼ੀਨ ਵਿੱਚ ਛਪੀ। ਉਸ ਨੇ ਕਵਿਤਾ, ਕਹਾਣੀ, ਅੰਗਰੇਜ਼ੀ ਨਾਵਲ, ਪੰਜਾਬੀ ਨਾਵਲ, ਕਾਵਿ-ਨਾਟ ਅਤੇ ਸਿਰਜਣਾਤਮਕ ਗਦ ਵਰਗੀਆਂ ਭਿੰਨ-ਭਿੰਨ ਵਿਧਾਵਾਂ ਵਿੱਚ ਕੀਤੀ ਗਈ ਰਚਨਾ, ਉਸ ਦੁਆਰਾ ਕਿਸੇ ਹੋਰ ਵਿਧਾ ਵਿੱਚ ਕੀਤੀ ਗਈ ਕਿਸੇ ਰਚਨਾ ਦਾ ਅਨੁਵਾਦ, ਵਿਸਥਾਰ ਜਾਂ ਪਰਛਾਵਾਂ ਨਹੀਂ ਹੈ। ਇਕਬਾਲ ਰਾਮੂਵਾਲੀਆ ਦੀਆਂ ਹੁਣ ਤੱਕ ਛੇ ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ, ਜਿਨਾਂ ਵਿੱਚੋਂ ਇੱਕ ਦੇਸ਼ ਵਿੱਚ ਅਤੇ ਬਾਕੀ ਪ੍ਰਵਾਸ ਵਿੱਚ ਰਹਿੰਦਿਆਂ ਲਿਖੀਆਂ ਗਈਆਂ ਹਨ-ਸੁਲਗਦੇ ਅਹਿਸਾਸ(1974),ਤਿੰਨ ਕੋਣ(1978),ਕੁਝ ਵੀ ਨਹੀਂ(1984),ਪਾਣੀ ਦਾ ਪਰਛਾਵਾਂ(1991),ਕਵਿਤਾ ਮੈਨੂੰ ਲਿਖਦੀ ਹੈ(1995),ਪਲੰਘ ਪੰਘੂੜਾ(2000),ਮੌਤ ਇੱਕ ਪਾਸਪੋਰਟ ਦੀ(ਨਾਵਲ)(2004),ਸੁਰਮਾ ਬਲੇਡ ਨਾਲ(ਚੋਣਵੀਂ ਸ਼ਾਇਰੀ)(2005)ਆਦਿ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਵਰਿਆਮ ਸਿੰਘ ਸੰਧੂ ਲਿਖਦੇ ਹਨ:

ਸਿਰਜਣਾ ਦੇ ਵਿਭਿੰਨ ਖੇਤਰਾਂ ਵਿੱਚ ਮੀਲ-ਪੱਥਰ ਗੱਡ ਕੇ ਆਪਣਾ ਨਾਂ-ਥਾਂ ਬਣਾ ਕੇ ਇਕਬਾਲ ਆਪਣੀ ਸਵੈ-ਜੀਵਨੀ ਸੜਦੇ ਸਾਜ਼ ਦੀ ਸਰਗਮ ਰਾਹੀਂ ਇੱਕ ਅਜਿਹੇ ਵਾਰਤਕ ਲੇਖਕ ਵਜੋਂ ਉਦੈ ਹੋਇਆ ਹੈ ਕਿ ਹੁਣ ਤੱਕ ਲਿਖੀ ਗਈ ਸਰਵੋਤਮ ਵਾਰਤਕ ਦਾ ਹੁਸਨ ਉਹਦੀ ਲਿਖਤ ਦੀ ਖੂਬਸੂਰਤੀ ਵੱਲ ਵੇਖ ਕੇ ਦੰਦਾਂ ਵਿੱਚ ਉਂਗਲਾਂ ਟੁੱਕਦਾ ਹੈਰਾਨੀ ਤੇ ਖੁਸ਼ੀ ਨਾਲ ਝਾਕਣ ਲੱਗ ਪਿਐ।[1]

ਇਕਬਾਲ ਰਾਮੂਵਾਲੀਆ ਦੇ ਨਾਟਕ ਪਲੰਘ ਪੰਘੂੜਾ ਦਾ ਵਿਸ਼ਾ ਪੂਰਨ ਦੀ ਲੋਕ-ਕਥਾ 'ਤੇ ਆਧਾਰਿਤ ਹੈ। ਇਸ ਕਾਵਿ-ਨਾਟ ਵਿੱਚ ਮੂਲ ਕਥਾ ਨਾਲੋਂ ਕੁਝ ਵੱਖਰਤਾਵਾਂ ਹਨ। ਇਸ ਕਥਾ ਵਿੱਚ ਸਲਵਾਨ ਅਤੇ ਇੱਛਰਾਂ ਦਾ ਬੰਧਨ ਵਿੱਚ ਬੱਝ ਕੇ ਜਿਊਣਾ ਭਵਿੱਖ ਦੇ ਰਿਸ਼ਤੇ ਦੀ ਸ਼ਨਾਖਤ ਹੈ। ਜਿਸ ਨਾਲ ਪਲੰਘ ਪੂਰਨ ਦੇ ਰੂਪ ਵਿੱਚ ਪੰਘੂੜੇ ਵਿੱਚ ਰੂਪਾਂਤਰਿਤ ਹੋ ਜਾਂਦਾ ਹੈ। ਲੇਖਕ ਇਸ ਕਥਾ ਨੂੰ ਐਂਟੀ ਈਡੀਪਸ ਸੰਕਲਪ ਨਾਲ ਜੋੜਦਾ ਹੋਇਆ ਫਰਾਈਡ ਦੀ ਈਡੀਪਸ ਦੀ ਧਾਰਨਾ ਨੂੰ ਪਿੱਛੇ ਛੱਡ ਜਾਂਦਾ ਹੈ। ਇਕਬਾਲ ਰਾਮੂਵਾਲੀਆ ਨੇ ਪਰੰਪਰਾ ਨਾਲ ਜੁੜਦਿਆਂ ਪੰਜਾਬੀ ਸਮਾਜ 'ਤੇ ਸੱਭਿਆਚਾਰ ਦੀ ਪ੍ਰਤੀਨਿਧ ਗਾਥਾ ਨੂੰ ਰੂਪਾਂਤਰਿਤ ਕਰਨ

ਦੀ ਆਧੁਨਿਕ ਦ੍ਰਿਸ਼ਟੀ ਅਪਣਾਈ ਹੈ।

ਇਸ ਵਿੱਚ ਸੁੰਦਰਾਂ ਵਾਲੀ ਕਥਾ, ਪੂਰਨ ਦਾ ਭੋਰੇ ਪੈਣਾ, ਪੂਰਨ ਦੀ ਸਜ਼ਾ ਵਾਲੀ ਕਥਾ, ਦਰਜ਼ ਨਹੀਂ ਹੈ। ਲੇਖਕ ਨੇ ਪੂਰਨ ਦੀ ਕਥਾ ਨੂੰ ਪਰਵਾਸੀ ਸੰਦਰਭ ਅਨੁਸਾਰ ਸਿਰਜ ਕੇ ਨਵੇਂ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਟਕ ਦੇ ਤਿੰਨ ਅੰਕ ਹਨ। ਪਹਿਲੇ ਅੰਕ ਵਿੱਚ ਇੱਛਰਾਂ ਤੇ ਸਲਵਾਨ ਦੀ ਗੱਲਬਾਤ, ਪੂਰਨ ਦਾ ਜਨਮ ਤੇ ਸਲਵਾਨ ਦੇ ਮੁੜ ਪੰਜਾਬ ਆਉਣ ਦਾ ਜ਼ਿਕਰ ਹੈ। ਦੂਜੇ ਅੰਕ ਵਿੱਚ ਲੂਣਾ ਤੇ ਉਸ ਦੀਆਂ ਸਹੇਲੀਆਂ ਵੀਰੋ ਅਤੇ ਪਾਰੋ ਦੀ ਵਾਰਤਾਲਾਪ ਰਾਹੀਂ ਲੂਣਾ ਦੀ ਵੇਦਨਾ ਬਾਰੇ ਪਤਾ ਲੱਗਦਾ ਹੈ। ਤੀਜੇ ਅੰਕ ਵਿੱਚ ਲੂਣਾ ਦਾ ਸਲਵਾਨ ਨਾਲ ਵਿਆਹ ਕਰਵਾ ਕੇ ਵਿਦੇਸ਼ ਆਉਣਾ ਤੇ ਪੂਰਨ, ਲੂਣਾ ਦੇ ਮਿਲਣ ਨੂੰ ਪੇਸ਼ ਕੀਤਾ ਗਿਆ ਹੈ।

ਕਾਵਿ-ਨਾਟ ਆਦਿਕਾ ਤੋਂ ਸ਼ੁਰੂ ਹੁੰਦਾ ਹੈ। ਇਸ ਵਿੱਚ ਬਾਪੂ ਪਾਰਸ ਅਤੇ ਬਾਲੀ( ਪੁੱਤਰ) ਦੀ ਗੱਲਬਾਤ ਹੈ। ਇਸ ਵਾਰਤਾਲਾਪ ਵਿੱਚ ਉਹ ਇਸ ਗਾਥਾ ਦੀ ਪੁਰਾਤਨਤਾ ਅਤੇ ਸਭਿਆਚਾਰਕ ਸੰਦਰਭ ਨੂੰ ਸਪੱਸ਼ਟ ਕਰ ਦਿੰਦਾ ਹੈ। ਬਾਪੂ ਪਾਰਸ ਨਾਲ ਪੁੱਤਰ ਦੀ ਗੱਲਬਾਤ ਉਸ ਗਾਥਾ ਨੂੰ ਅਜੋਕੇ ਸੰਦਰਭ ਵਿੱਚ ਜੋੜ ਦਿੰਦੀ ਹੈ। ਪਹਿਲੇ ਅੰਕ ਵਿੱਚ ਵਲਾਇਤ ਵਿੱਚ ਸਲਵਾਨ ਤੇ ਇੱਛਰਾਂ ਆਪਣੇ ਘਰ ਦੇ ਲਿਵਿੰਗ ਰੂਮ ਵਿੱਚ ਗੱਲਾਂ ਕਰ ਰਹੇ ਹਨ। ਇੱਛਰਾਂ ਦੇ ਮਾਂ ਬਣਨ ਨਾਲ ਉਸ ਦਾ ਸਾਰਾ ਧਿਆਨ ਪੂਰਨ ਵੱਲ ਹੁੰਦਾ ਹੈ। ਇਸ ਵਿੱਚ ਸਲਵਾਨ ਨੂੰ ਆਪਣੀਆਂ ਖੁਸ਼ੀਆਂ ਦਾ ਘਾਣ ਹੁੰਦਾ ਜਾਪਦਾ ਹੈ। ਸਲਵਾਨ ਇੱਛਰਾਂ ਤੋਂ ਆਪਣੀਆਂ ਜਿਨਸੀ ਲੋੜਾਂ ਦੀ ਪੂਰਤੀ ਚਾਹੁੰਦਾ ਹੈ। ਅਜਿਹੀ ਪੂਰਤੀ ਨਾ ਹੋਣ ਤੇ ਉਹ ਪੰਜਾਬ ਲੂਣਾ ਕੋਲ ਆਉਣ ਦਾ ਫ਼ੈਸਲਾ ਕਰ ਲੈਂਦਾ ਹੈ। ਦੂਜੇ ਅੰਕ ਵਿੱਚ ਲੂਣਾ ਜੋ ਕਿ ਸਾਧਾਰਨ ਪੰਜਾਬੀ ਕੁੜੀ ਹੈ। ਉਹ ਆਪਣੇ ਘਰ ਦੇ ਲਿਵਿੰਗ ਰੂਮ ਦੀ ਸਫ਼ਾਈ ਕਰਨ ਵਿੱਚ ਜੁਟੀ ਹੋਈ ਹੈ। ਇਸ  ਅੰਕ ਵਿੱਚ ਇੱਕ ਕੁੜੀ ਦੇ ਜਵਾਨ ਹੋਣ ਅਤੇ ਉਸ ਦੇ ਭਵਿੱਖ ਪ੍ਰਤੀ ਸੁਪਨਿਆਂ ਤੇ ਉਸ ਦੇ ਅਹਿਸਾਸਾਂ ਨੂੰ ਪੇਸ਼ ਕੀਤਾ ਗਿਆ ਹੈ। ਲੂਣਾ  ਆਪਣੇ ਅਹਿਸਾਸਾਂ ਨੂੰ ਆਪਣੀ ਸਹੇਲੀਆਂ ਵੀਰੋ ਤੇ ਪਾਰੋ ਨਾਲ ਸਾਂਝਾ ਕਰਦੀ ਹੈ। ਉਸ ਲਈ ਵਿਦੇਸ਼ੀ ਰਿਸ਼ਤੇ ਦਾ ਆਉਣਾ ਬਹੁਤ ਹੀ ਖੁਸ਼ੀ ਵਾਲੀ ਗੱਲ ਜਾਪਦੀ ਹੈ। ਆਪਣੇ ਚੰਗੇਰੇ ਭਵਿੱਖ ਲਈ ਉਹ ਸੌਂਕਣ ਦੇ ਰੂਪ ਵਿੱਚ ਵਿਆਹ ਕਰਵਾ ਲੈਂਦੀ ਹੈ। ਸਲਵਾਨ ਵੀ ਆਪਣੀਆਂ ਜਿਨਸੀ ਲੋੜਾਂ ਦੀ ਪੂਰਤੀ ਲਈ ਲੂਣਾ ਨੂੰ ਵਿਆਹ ਲਿਆਉਂਦਾ ਹੈ। ਤੀਜੇ ਅੰਕ ਵਿੱਚ ਸਲਵਾਨ ਲੂਣਾ ਨੂੰ ਵਿਆਹ ਕੇ

ਵਿਦੇਸ਼ ਲੈ ਆਉਂਦਾ ਹੈ। ਲੂਣਾ ਵਿਦੇਸ਼ ਵਿੱਚ ਅਠਾਰਵੀਂ ਮੰਜ਼ਿਲ ਦੇ ਫਲੈਟ ਵਿੱਚ ਬੈਠੀ ਹੈ।ਉਸ ਨੂੰ ਸਲਵਾਨ ਨੇ ਹਰ ਇੱਕ ਸਹੂਲਤ ਦਿੱਤੀ ਹੈ ਪਰ ਉਹ ਸਭ ਕੁਝ ਹੁੰਦੇ ਹੋਏ ਵੀ ਇਕਲਾਪੇ ਨੂੰ ਭੋਗ ਰਹੀ ਹੈ। ਪੂਰਨ ਦਾ ਲੂਣਾ ਕੋਲ ਆਉਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੁੰਦਾ। ਪੂਰਨ ਦੇ ਆਉਣ ਤੇ ਉਹ ਆਪਣੇ ਦੁੱਖ ਪੂਰਨ ਨਾਲ ਸਾਂਝੇ ਕਰਦੀ ਹੈ। ਪੂਰਨ ਉਸਦੇ ਦੁੱਖ ਸਮਝਦਾ ਹੋਇਆ ਲੂਣਾ ਦੀ ਇੱਛਾ ਨੂੰ ਠੁਕਰਾਉਂਦਾ ਨਹੀਂ ਬਲਕਿ ਆਪਣੀ ਇੱਛਾ ਅਨੁਸਾਰ ਸਵੀਕ੍ਰਿਤੀ ਦਿੰਦਾ ਹੈ। ਇੱਥੇ ਪੂਰਨ ਨੈਤਿਕਤਾ ਦੇ ਬੰਧਨਾਂ ਨੂੰ ਤਿਆਗ ਕੇ ਆਪਣਾ ਫੈਸਲਾ ਸਮਾਜਿਕ ਮਰਿਆਦਾ ਦੇ ਵਿਰੋਧ ਵਿੱਚ ਕਰਦਾ ਹੈ। ਅਜਿਹੇ ਅਨੈਤਿਕ ਰਿਸ਼ਤੇ ਨੂੰ ਸਮਾਜ ਵਿੱਚ ਪ੍ਰਵਾਨਗੀ ਨਹੀਂ ਮਿਲ ਸਕਦੀ। ਜੇਕਰ ਇਸ ਸਮੱਸਿਆ ਦਾ ਇਹੋ ਹੱਲ ਹੁੰਦਾ ਤਾਂ ਕੋਈ ਵੀਂ ਲੇਖਕ ਇਹ ਕਿੱਸਾ ਕਿਉਂ ਲਿਖਦਾ।

## ਇੱਛਰਾਂ ਦੀ ਸਥਿਤੀ

ਨਾਟਕ ਵਿੱਚ ਇੱਛਰਾਂ ਸਲਵਾਨ ਦੀ ਪਤਨੀ ਹੈ। ਇੱਛਰਾਂ ਲਈ ਸਲਵਾਨ ਉਸ ਦਾ ਰੱਖਿਅਕ ਹੈ। ਸਲਵਾਨ ਪਦਾਰਥਕ ਸੱਭਿਆਚਾਰ ਵਿੱਚ ਗ੍ਰਸਿਆ ਹੋਇਆ ਹੈ। ਸਲਵਾਨ ਪਤੀ ਭਾਵਨਾ ਤੋਂ ਉੱਪਰ ਉੱਠ ਕੇ ਆਪਣੀਆਂ ਜਿਨਸੀ ਲੋੜਾਂ ਦੀ ਪੂਰਤੀ ਕਰਨਾ ਚਾਹੁੰਦਾ ਹੈ ਪਰ ਇੱਛਰਾਂ ਦਾ ਮੰਨਣਾ ਹੈ ਕਿ ਔਰਤ ਮਰਦ ਦਾ ਰਿਸ਼ਤਾ ਰੂਹਾਂ ਦਾ ਰਿਸ਼ਤਾ ਹੈ। ਇੱਛਰਾਂ ਲਈ ਉਨ੍ਹਾਂ ਦੇ ਅਠਾਰਾਂ ਸਾਲ ਦਾ ਸਮਾਂ ਜੋ ਇਕੱਠੇ ਬਿਤਾਇਆ ਹੈ ਉਹ ਰੂਹਾਂ ਦਾ ਹੀ ਰਿਸ਼ਤਾ ਸੀ। ਪੂਰਨ ਦੇ ਜਨਮ ਨਾਲ ਸਲਵਾਨ ਇੱਛਰਾਂ ਤੋਂ ਦੂਰ ਹੋ ਜਾਂਦਾ ਹੈ। ਜਿਸ ਕਾਰਨ ਸਲਵਾਨ ਨੂੰ ਪੂਰਨ ਚੁੱਭਦਾ ਹੈ। ਇੱਥੇ ਇਹ ਗੱਲ ਸਾਫ਼ ਹੁੰਦੀ ਹੈ ਕਿ ਇੱਕ ਔਰਤ ਜਦੋਂ ਮਾਂ ਬਣ ਜਾਂਦੀ ਹੈ ਤਾਂ ਉਸ ਲਈ ਰਿਸ਼ਤਿਆਂ ਦਾ ਯਥਾਰਥ ਬਦਲ ਜਾਂਦਾ ਹੈ ਜਦਕਿ ਇੱਕ ਮਰਦ ਲਈ ਉਸ ਦੀ ਕਾਮੁਕ ਤਪਸ਼ ਤਾਅ-ਉਮਰ ਰਹਿੰਦੀ ਹੈ। ਪੂਰਨ ਦੇ ਜਨਮ ਤੋਂ ਹੀ ਪਲੰਘ ਤੇ ਪੰਘੂੜੇ ਵਿੱਚਲਾ ਤਣਾਅ ਸ਼ੁਰੂ ਹੋ ਜਾਂਦਾ ਹੈ। ਸੁਤਿੰਦਰ ਸਿੰਘ ਨੂਰ ਲਿਖਦੇ ਹਨ:

ਇੱਛਰਾਂ ਪੂਰਨ ਦੀ ਟੈਕਸਟ ਨੂੰ ਰਚ ਕੇ ਅਰਧ ਨਾਰ ਤੋਂ ਸੰਪੂਰਨ ਹੋ ਜਾਂਦੀ ਹੈ ਤੇ ਸਲਵਾਨ ਦੀ ਭਰ ਬਲਦੀ ਕਥਾ ਕਵੀਸ਼ਰੀ ਚੁੱਪ ਹੋ ਜਾਂਦੀ ਹੈ।'ਪਲੰਘ ਪੰਘੂੜੇ' ਦਾ ਇਹ ਚਿਹਨ ਜਿਸ ਵਿੱਚ ਇੱਕੋ ਸਮੇਂ ਤਣਾਓ ਵੀ ਹੈ ਤੇ ਵਿਰੋਧ- ਜੁੱਟ ਵਾਲੀ ਪ੍ਰਵਿਰਤੀ ਵੀ ਹੈ। ਉਹ ਸਾਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ।[2]

ਨਾਟਕਕਾਰ ਨੇ ਔਰਤ ਤੇ ਮਰਦ ਦੇ ਬਦਲ ਰਹੇ ਸਰੀਰਕ ਸੰਬੰਧਾਂ ਦੇ ਨਾਲ-ਨਾਲ ਉਨ੍ਹਾਂ

ਦੇ ਮਾਨਸਿਕ ਬਦਲਾਅ ਨੂੰ ਵੀ ਪੇਸ਼ ਕੀਤਾ ਹੈ। ਮਾਂ ਬਣ ਕੇ ਇੱਛਰਾਂ ਆਪਣੇ ਸਰੀਰ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਪਘੂੰੜੇ ਵਿੱਚ ਸਮਾ ਜਾਂਦੀ ਹੈ ਤੇ ਆਪਣੀ ਅੰਦਰਲੀ ਤਪਸ਼ ਨੂੰ ਮੁਕਾ ਕੇ ਮਾਂ ਦਾ ਫਰਜ਼ ਨਿਭਾਉਂਦੀ ਹੋਈ ਪਲੰਘ ਨੂੰ ਅਲਵਿਦਾ ਆਖ ਦਿੰਦੀ ਹੈ। ਇੱਛਰਾਂ ਭਾਰਤੀ ਗਿਆਨ ਪਰੰਪਰਾ ਦੇ ਅੰਤਰਗਤ ਕਈ ਤਰ੍ਹਾਂ ਦੇ ਰਿਸ਼ਤਿਆਂ ਨੂੰ ਨਿਭਾਉਂਦੀ ਆਪਣੇ ਪਤੀ ਦੀ ਦੇਹ ਤੋਂ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਇੱਛਰਾਂ ਪਤਨੀ ਤੋਂ ਮਮਤਾਮਈ ਮਾਂ ਬਣ ਕੇ ਦੁਬਾਰਾ ਪਤਨੀ ਰੂਪ ਵਿੱਚ ਰੂਪਾਂਤਰਿਤ ਨਹੀਂ ਹੋਣਾ ਚਾਹੁੰਦੀ। ਇੱਛਰਾਂ ਆਪਣੇ ਪੁੱਤਰ ਪਿਆਰ ਵਿੱਚੋਂ ਪਤੀ ਪਿਆਰ ਦੀ ਸੰਭਾਵਨਾ ਲੱਭ ਲੈਂਦੀ ਹੈ ਅਤੇ ਪਤੀ ਸੇਜ ਨੂੰ ਪੁੱਤਰ ਪੰਘੂੜੇ ਵਿੱਚ ਰੂਪਾਂਤਰਿਤ ਕਰ ਲੈਂਦੀ ਹੈ। ਇਸ ਬਾਰੇ ਦਵਿੰਦਰ ਸੈਫ਼ੀ ਲਿਖਦੇ ਹਨ:

ਇੱਛਰਾਂ ਦੇ ਗਰਭ ਵਿੱਚ ਪੂਰਨ ਦੀ ਆਮਦ ਉਸਨੂੰ ਤ੍ਰਿਪਤ ਕਰਦੀ ਹੋਈ ਸਲਵਾਨੀ ਖਾਹਿਸ਼ ਤੋਂ ਉਸਦੀ ਦੂਰੀ ਨਿਰਮਤ ਕਰ ਰਹੀ ਹੈ ਜੋ ਕਿ ਮਨੋਵਿਸ਼ਲੇਸ਼ਣੀ ਤੱਥ ਦਾ ਕਾਵਿ-ਚਿਤਰ ਹੋ ਨਿਬੜਦਾ ਹੈ।[3]

ਇੱਛਰਾਂ: ਇਸੇ ਲਈ ਪਲੰਘ ਨੂੰ
ਮੈਂ ਅਲਵਿਦਾ -ਕਹਿਕੇ
ਪੰਘੂੜੇ ਤੇ ਚਲੀ ਆਈ
ਜਵਾਲਾਮੁਖੀ ਜੋ ਅੰਦਰ ਮੇਰੇ
ਅੰਗਿਆਰ ਪਿੰਜਦਾ ਸੀ
ਉਸ ਨੂੰ ਬਰਫ਼ ਦੇ ਗੋਲੇ 'ਚ ਪਾ
ਦਰਿਆ ਵਹਾ ਆਈ [4]

ਨਾਟਕ ਵਿੱਚ ਸਲਵਾਨ ਦਾ ਰਵੱਈਆ ਮੂਲ ਕਥਾ ਤੋਂ ਭਿੰਨ ਹੈ ਕਿਉਂਕਿ ਇਹ ਪੱਛਮੀ ਸਮਾਜ ਵਿੱਚ ਰਹਿ ਰਹੇ ਹਨ। ਸਲਵਾਨ ਕਿਤੇ ਵੀ ਇੱਛਰਾਂ ਤੇ ਆਪਣਾ ਹੁਕਮ ਜਾਂ ਦਾਬਾ ਨਹੀਂ ਪਾਉਂਦਾ ਬਲਕਿ ਉਹ ਆਪਣੀਆਂ ਜਿਨਸੀ ਲੋੜਾਂ ਦੀ ਪੂਰਤੀ ਲਈ ਇੱਛਰਾਂ ਦੀ ਸਹਿਮਤੀ ਮੰਗਦਾ ਹੈ ਪਰ ਇੱਛਰਾਂ ਜੋ ਕਿ ਪੂਰਨ ਦੀ ਮਾਂ ਹੈ, ਇਸ ਲਈ ਉਸ ਵਿੱਚੋਂ ਪਹਿਲੀ ਇੱਛਰਾਂ ਅਸਤ ਹੋ ਚੁੱਕੀ ਹੈ। ਇੱਛਰਾਂ ਦੋਹਾਂ ਦੇ ਮੇਲ ਨੂੰ ਰੂਹਾਂ ਦਾ ਮੇਲ ਸਮਝਦੀ ਹੈ ਤੇ ਪੂਰਨ ਦੀ ਹੋਂਦ ਵਿੱਚ ਗੁਆਚ ਗਈ ਹੈ। ਸੰਤਾਨ ਪ੍ਰਾਪਤੀ ਕਾਰਨ ਉਹ ਵੀ ਜੇਕਰ ਪੁੱਤਰ ਹੋਵੇ ਤਾਂ ਔਰਤ ਮਰਦ ਦੇ ਰਿਸ਼ਤੇ ਵਿੱਚ ਕਾਫ਼ੀ ਬਦਲਾਅ ਆ ਜਾਂਦੇ ਹਨ ਇਵੇਂ ਹੀ ਨਾਟਕ ਪਲੰਘ ਪੰਘੂੜਾ

ਵਿੱਚ ਇੱਛਰਾਂ ਆਪਣੀ ਹੋਂਦ ਨੂੰ ਪੰਘੂੜੇ ਵਿੱਚ ਸਮਾਂ ਲੈਂਦੀ ਹੈ। ਨਾਰੀ ਦੇ ਸੰਪੂਰਨ ਰੂਪ ਬਾਰੇ ਸੁਤਿੰਦਰ ਸਿੰਘ ਨੂਰ ਲਿਖਦੇ ਹਨ:

ਨਾਰੀ ਜਦੋਂ ਅਰਧ ਨਾਰੀ ਤੋਂ ਸੰਪੂਰਨ ਨਾਰੀ ਦੇ ਪਰਿਪੇਖ ਨਾਲ ਜੁੜਦੀ ਹੈ। ਉਦੋਂ ਉਸ ਲਈ ਡੀਜ਼ਾਇਰ ਦਾ ਪ੍ਰਸੰਗ ਵੀ ਬਦਲ ਜਾਂਦਾ ਹੈ।ਰਿਸ਼ਤਿਆਂ ਦਾ ਯਥਾਰਥ ਉਸ ਦੀ ਹੋਣੀ ਤੇ ਅਵਸ਼ੱਕਤਾ ਹੈ। ਇੱਛਰਾਂ ਪੰਲਘ ਪੰਘੂੜੇ ਦੇ ਤਣਾਓ ਤੇ ਵਿਰੋਧ ਜੁਟੀ ਪ੍ਰਵਿਰਤੀ ਨੂੰ ਸਮਾਜਿਕ ਰਿਸ਼ਤਿਆਂ ਦੇ ਇਸ ਯਥਾਰਥ ਨਾਲ ਜੋੜ ਕੇ ਹੋਰ ਵਿਸਤ੍ਰਿਤ ਕਰ ਦਿੰਦੀ ਹੈ।[5]

ਜਦੋਂ ਔਰਤ ਮਾਂ ਬਣਦੀ ਹੈ ਤਾਂ ਹੀ ਉਹ ਅਧੂਰੀ ਤੋਂ ਸੰਪੂਰਨ ਔਰਤ ਦਾ ਰੂਪ ਗ੍ਰਹਿਣ ਕਰਦੀ ਹੈ। ਇਵੇਂ ਹੀ ਇੱਛਰਾਂ ਪੂਰਨ ਨੂੰ ਜਨਮ ਦੇ ਕੇ ਖ਼ੁਦ ਪੂਰਨ ਹੋ ਜਾਂਦੀ ਹੈ ਤੇ ਅਧੂਰੀ ਨਾਰ ਤੋਂ ਸੰਪੂਰਨ ਔਰਤ ਬਣਦੀ ਹੈ। ਇਸ ਪ੍ਰਸੰਗ ਨੂੰ ਇਸ ਨਾਟਕ ਵਿੱਚ ਇੱਛਰਾਂ ਸਲਵਾਨ ਨੂੰ ਸਮਝਾਉਂਦੀ ਹੈ:

ਇੱਛਰਾਂ: ਜਦ ਗੋਦ ਮੇਰੀ, ਸਲਵਾਨ ਜੀ
ਸੀ ਪੂਰਨ ਪੂਰਨ ਹੋ ਗਈ
ਮੈਂ ਅਰਧ ਅਧੂਰੀ ਨਾਰ ਤੋਂ
ਸੀ ਸੁਰ ਸੰਪੂਰਨ ਹੋ ਗਈ![6]

'ਪਲੰਘ ਪੰਘੂੜਾ' ਵਿੱਚ ਇੱਛਰਾਂ ਪਰੰਪਰਾਗਤ ਮਿੱਥ ਕਥਾ ਤੋਂ ਬਿਲਕੁੱਲ ਅਲੱਗ ਹੈ। ਇਸ ਦੀ ਇੱਛਰਾਂ ਪੂਰੀ ਚੇਤੰਨ ਹੈ। ਉਹ ਸਲਵਾਨ ਦੀ ਹਰ ਗੱਲ ਨੂੰ ਇਸਤਰੀ ਮਰਦ ਦੀ ਸਾਰਥਿਕਤਾ ਸਮਝਾਉਂਦੀ ਹੋਈ ਨਕਾਰਦੀ ਹੈ। ਇੱਛਰਾਂ ਦੇ ਸਾਹਮਣੇ ਸਲਵਾਨ ਬੇਵੱਸ ਹੈ। ਇੱਛਰਾਂ ਇੱਕ ਨਾਰੀ ਦੇ ਮਾਨਸਿਕ ਰੂਪ ਨੂੰ ਉਘਾੜਦੀ ਹੋਈ ਕਈ ਤੱਥਾਂ ਨੂੰ ਸਾਕਾਰ ਕਰਦੀ ਹੈ। ਇੱਛਰਾਂ ਨਾਰੀ ਪ੍ਰਤੀ ਚੇਤੰਨ ਔਰਤ ਹੈ ਜੋ ਕਿ ਆਪਣੇ ਰਿਸ਼ਤਿਆਂ ਦੇ ਯਥਾਰਥ ਨੂੰ ਸਮਝਦੀ ਹੋਈ ਸਲਵਾਨ ਦੀ ਕਾਮੁਕ ਮੰਗ ਨੂੰ ਪੇਤਲੀ ਸਾਬਤ ਕਰ ਦਿੰਦੀ ਹੈ। ਇੱਛਰਾਂ ਆਪਣੀ ਔਲਾਦ ਪ੍ਰਤੀ ਫ਼ਰਜ਼ ਸਮਝਦੀ ਹੋਈ ਪੂਰਨ ਦੀ ਹੋਂਦ ਵਿੱਚ ਗੁਆਚ ਜਾਂਦੀ ਹੈ ਤੇ ਸਲਵਾਨ ਨੂੰ ਦਲੀਲਾਂ ਸਹਿਤ ਸਮਝਾਉਂਦੀ ਹੈ:

ਇੱਛਰਾਂ: ਇਵੇਂ, ਸਲਵਾਨ ਜੀ
ਅੰਦਰ ਮੇਰੇ ਜਦ ਮਾਂ ਉਦੇ ਹੋਈ
ਤਾਂ ਪਤਨੀ ਨੂੰ ਪੁਰਾਣੀ ਐਲਬਮ ਅੰਦਰ ਸੁਲਾ ਆਈ

ਜਿਸਮ ਦੀ ਖੇਡ ਨੂੰ
ਹੇਠਾਂ ਫਰੀਜ਼ਰ ਦੇ ਛੁਪਾ ਆਈ !![7]

ਇੱਕ ਨਾਰੀ ਅਨੇਕਾਂ ਹੀ ਰਿਸ਼ਤਿਆਂ ਨੂੰ ਹੰਢਾਉਂਦੀ ਹੋਈ ਵੱਖ-ਵੱਖ ਰੂਪਾਂ ਵਿੱਚ ਜ਼ਿੰਦਗੀ ਦੇ ਸਫ਼ਰ ਨੂੰ ਤੈਅ ਕਰਦੀ ਹੈ। ਇਸਤਰੀ ਮਰਦ ਦੇ ਮੁਕਾਬਲੇ ਬਲਵਾਨ ਅਹਿਸਾਸਾਂ ਵਿੱਚ ਗ੍ਰਸਤ ਰਹਿੰਦੀ ਹੈ ਜਦਕਿ ਮਰਦ ਦੇ ਅਹਿਸਾਸ ਇਕਹਿਰੇ ਹੁੰਦੇ ਹਨ। ਇੱਛਰਾਂ ਇੱਕ ਸੁਚੇਤ ਨਾਰੀ ਹੈ ਜੋ ਕਿ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਸਲਵਾਨ ਪੰਘੂੜੇ ਦੇ ਅਹਿਸਾਸ ਨੂੰ ਸਮਝ ਨਹੀਂ ਰਿਹਾ:

**ਇੱਛਰਾਂ**: ਦੇਖ ਪੂਰਨ ਤੇਰਾ ਹੀ
ਤਾਂ ਵਿਸਥਾਰ ਸੀ
ਬੀਜ ਤੇਰੇ ਦਾ
ਜੀਦਾ ਸਮਾਚਾਰ ਸੀ
ਆਪੇ ਸਾਜ਼ੀ, ਮਹਾ ਰਾਗ
ਸੁਰ- ਸਾਜ਼ ਤੂੰ
ਉਹ ਤੇਰੇ ਖ਼ੂਨ ਦੀ
ਥਰਕਦੀ ਤਾਰ ਸੀ[8]

ਇੱਛਰਾਂ ਨੂੰ ਆਪਣੀ ਹੋਂਦ ਦਾ ਪੂਰਾ ਅਹਿਸਾਸ ਹੈ ਕਿਉਂਕਿ ਉਹ ਭਾਰਤੀ ਮਰਿਆਦਾ ਦੀ ਦਬੇਲ ਇੱਛਰਾਂ ਨਹੀਂ ਹੈ ਬਲਕਿ ਪੱਛਮੀ ਜੀਵਨ ਹੰਢਾ ਰਹੀ ਚੇਤੰਨ ਔਰਤ ਹੈ। ਉਸ ਵਿੱਚ ਆਪਣਾ ਪੱਖ ਪੇਸ਼ ਕਰਨ ਦੀ ਹਿੰਮਤ ਹੈ। ਇੱਛਰਾਂ ਪਾਤਰ ਕੇਵਲ ਕਾਮੁਕ ਲੋੜਾਂ ਤੱਕ ਸੀਮਤ ਨਹੀਂ ਹੈ ਬਲਕਿ ਇਸ ਨੂੰ ਮਾਨਵੀ ਰਿਸ਼ਤਿਆਂ ਦੀ ਹੋਂਦ ਦਾ ਅਹਿਸਾਸ ਹੈ। ਪੂਰਨ ਦੀ ਕਥਾ ਦਾ ਕੇਂਦਰ ਸਮਾਜਿਕ ਮਰਿਆਦਾ ਤੇ ਪ੍ਰਕਿਰਤੀ ਦਾ ਦਵੰਦ ਹੈ। ਬਾਕੀ ਪਾਤਰ ਉਸੇ ਦਵੰਦ ਨਾਲ ਜੁੜੇ ਹਨ। ਨਾਟਕ ਵਿੱਚ ਪੂਰਨ ਲੂਣਾ ਨਾਲ ਕਿਵੇਂ ਨਿਭਦਾ ਹੈ? ਇਸਦਾ ਇੱਛਰਾਂ ਤੇ ਕੀ ਅਸਰ ਪੈਂਦਾ ਹੈ? ਇਸ ਬਾਰੇ ਨਾਟਕ ਚੁੱਪ ਹੈ:

ਇੱਛਰਾਂ: ਮੇਰੇ ਸਲਵਾਨ ਜੀ
ਸਮਝੋ,ਪੜ੍ਹੋ ਮੈਨੂੰ:
ਮੇਰੇ ਅੰਦਰ ਅਜੇ ਵੀ

ਨਾਰ ਦਾ ਸੰਸਾਰ ਜੀਂਦਾ ਹੈ:
ਮਗਰ ਹੁਣ ਪਲੰਘ ਦੀ ਥਾਂ 'ਤੇ
ਪੰਘੂੜੇ ਦਾ ਮੁੱਸ਼ਹਿਰਾ ਹੋ ਗਿਆ
ਵਿਸਥਾਰ ਜੀਂਦਾ ਹੈ[9]

ਨਾਟਕ ਵਿੱਚ ਪੂਰਨ ਦੇ ਜਨਮ ਤੇ ਉਸ ਦੇ ਭੋਰੇ ਪੈਣ ਦਾ ਕੋਈ ਜ਼ਿਕਰ ਨਹੀਂ ਹੈ ਤੇ ਨਾ ਹੀ ਮੂਲ ਕਥਾ ਵਾਂਗ ਪੂਰਨ ਦੇ ਭੋਰੇ ਪੈਣ ਤੋਂ ਬਾਅਦ ਇੱਛਰਾਂ ਦੀ ਹਾਲਤ ਦਾ ਜ਼ਿਕਰ ਹੈ। ਨਾਟਕਕਰ ਨੇ ਨਾਟਕ ਵਿੱਚ ਸਲਵਾਨ ਨੂੰ ਬਹੁਤ ਹੀ ਬੇਵੱਸ ਤੇ ਲਾਚਾਰ ਰੂਪ ਵਿੱਚ ਪੇਸ਼ ਕੀਤਾ ਹੈ ਜਦਕਿ ਇੱਛਰਾਂ ਨੂੰ ਬਲਵਾਨ ਤੇ ਸੁਚੇਤ ਨਾਰੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇੱਛਰਾਂ ਦੀ ਹੋਂਦ ਬਾਰੇ ਦੇਵਿੰਦਰ ਸੈਫ਼ੀ ਲਿਖਦੇ ਹਨ:

ਇੱਛਰਾਂ ਉੱਚੇ-ਸੁੱਚੇ ਮਾਂ-ਪਿਆਰ,ਸ਼ਰਾਫ਼ਤ,ਨਿਰਮਾਣਤਾ,ਦੈਵੀ-ਮਮਤਾ ਦੀ ਮੂੰਹ ਬੋਲਦੀ ਤਸਵੀਰ ਹੈ। ਸਲਵਾਨ ਜਾਗੀਰਦਾਰੀ ਸਮਾਜ ਵਿਚਲੀ ਤਾਕਤ ਦਾ ਅਜਿਹਾ ਬਾਦਸ਼ਾਹੀ ਚਿੰਨ੍ਹ ਹੈ, ਜਿਸਨੂੰ ਲੋਕ-ਮਨ ਨੇ ਨਾ ਸਲਾਹਿਆ ਹੈ ਤੇ ਨਾ ਹੀ ਨਿੰਦਿਆ ਹੈ। ਉਸਦੇ ਅਨੈਤਿਕ ਵਿਆਹੁਤਾ ਸੰਬੰਧਾਂ ਨੂੰ ਬਾਦਸ਼ਾਹੀ ਸੁਭਾਅ ਦੀ ਫ਼ਿਤਰਤ ਤਹਿਤ ਸਵੀਕਾਰ ਕੀਤਾ ਗਿਆ ਹੈ। ਸ਼ਿਵ ਕੁਮਾਰ ਨੇ ਉਸਦੇ ਬਿੰਬ ਨੂੰ ਵਿਕਰਤ ਕਰਨ ਲਈ ਉਸਦੀ ਬਾਦਸ਼ਾਹੀ-ਤਾਕਤ ਦੀ ਅਨੈਤਿਕਤਾ ਖ਼ਿਲਾਫ਼ ਕਾਵਿਕ ਦਲੀਲ ਦਿੱਤੀ ਹੈ ਪਰ ਉਹ ਲੋਕ-ਮਨ ਦਾ ਹਿੱਸਾ ਨਾ ਬਣ ਸਕੀ।[10]

ਨਾਰੀ ਜਦੋਂ ਮਾਂ ਬਣਦੀ ਹੈ ਤਾਂ ਆਪਣੀ ਔਲਾਦ ਵਿੱਚੋਂ ਹੀ ਉਸ ਨੂੰ ਆਪਣਾ ਸੁੱਖ ਨਜ਼ਰੀਂ ਪੈਂਦਾ ਹੈ, ਖਾਸ ਕਰਕੇ ਜੇਕਰ ਔਲਾਦ ਪੁੱਤਰ ਹੋਵੇ। ਇੱਛਰਾਂ ਨੂੰ ਵੀ ਪੂਰਨ ਵਿੱਚੋਂ ਸਲਵਾਨ ਦੇ ਦਰਸ਼ਨ ਹੁੰਦੇ ਹਨ। ਇੱਛਰਾਂ ਨੂੰ ਪੂਰਨ ਅੰਦਰ ਸਲਵਾਨ ਤੇ ਸਲਵਾਨ ਅੰਦਰ ਪੂਰਨ ਵਿਖਾਈ ਦਿੰਦੇ ਹਨ ਤੇ ਉਸ ਨੂੰ ਇਹ ਰੂਹਾਂ ਦਾ ਮਿਲਾਪ ਲੱਗਦਾ ਹੈ ਜਦਕਿ ਸਲਵਾਨ ਇਸ ਅਹਿਸਾਸ ਤੋਂ ਵਾਂਝਾ ਹੈ:

ਇੱਛਰਾਂ: ਪੰਘੂੜਾ ਤੇ ਪਲੰਘ ਦੋਵੇਂ
ਕਦੇ ਨਾ ਅੱਡ ਹੁੰਦੇ ਨੇ
ਪਤੀ ਤੇ ਪੁੱਤਰ ਦੇ ਚਿਹਰੇ
ਸਦਾ ਰਲਗੱਡ ਹੁੰਦੇ ਨੇ![11]

ਸਲਵਾਨ ਅਜਿਹਾ ਪਾਤਰ ਹੈ ਜੋ ਕਿ ਆਪਣੀ ਕਾਮੁਕ ਤ੍ਰਿਪਤੀ ਲਈ ਇੱਛਰਾਂ ਤੇ ਪੁੱਤਰ ਪੂਰਨ ਨੂੰ ਛੱਡ ਕੇ ਪੰਜਾਬ ਲੂਣਾ ਕੋਲ ਪਰਤਣਾ ਚਾਹੁੰਦਾ ਹੈ। ਇਸ ਨਾਟਕ ਵਿਚਲੇ ਸਲਵਾਨ ਦੇ ਪੰਜਾਬ ਲੂਣਾ ਕੋਲ ਮੁੜਨ 'ਤੇ ਇੱਛਰਾਂ ਕੋਈ ਕਿੰਤੂ ਪ੍ਰੰਤੂ ਨਹੀਂ ਕਰਦੀ ਕਿਉਂਕਿ ਇੱਛਰਾਂ ਪੱਛਮੀ ਸਮਾਜ ਦੀ ਪਾਤਰ ਹੈ। ਇੱਥੇ ਹਰ ਕਿਸੇ ਨੂੰ ਆਪਣੀਆਂ ਭਾਵਨਾਵਾਂ ਦੀ ਪੂਰਤੀ ਕਰਨ ਦੀ ਖੁੱਲ੍ਹ ਹੈ। ਇਸੇ ਕਰਕੇ ਇੱਛਰਾਂ ਸਲਵਾਨ ਨੂੰ ਨਾ ਹੀ ਪੰਜਾਬ ਜਾਣ ਤੋਂ ਰੋਕਦੀ ਹੈ ਨਾ ਹੀ ਆਪਣੀ ਸੌਂਕਣ ਲੂਣਾ ਪ੍ਰਤੀ ਕੋਈ ਗਲਤ ਸ਼ਬਦਾਵਲੀ ਦਾ ਪ੍ਰਯੋਗ ਕਰਦੀ ਹੈ। ਇਸ ਕਥਾ ਵਿੱਚ ਇੱਛਰਾਂ ਤੇ ਲੂਣਾ ਦਾ ਰਿਸ਼ਤਾ ਅਸਲੋਂ ਹੀ ਅੱਖੋਂ ਪਰੋਖੇ ਕੀਤਾ ਗਿਆ ਹੈ। ਇੱਛਰਾਂ ਕੇਵਲ ਆਪਣੇ ਬੱਚੇ ਪੂਰਨ 'ਤੇ ਕੇਂਦਰਿਤ ਹੋ ਕੇ ਇੱਕ ਮਾਂ ਦਾ ਜੀਵਨ ਹੰਢਾਉਂਦੀ ਹੈ। ਨਾਟਕਕਾਰ ਨੇ ਪੂਰਨ ਦੇ ਪਾਤਰ ਨੂੰ ਵੀ ਸਲਵਾਨ ਦਾ ਹੀ ਹਮਦਰਦ ਬਣਾ ਕੇ ਪੇਸ਼ ਕੀਤਾ ਹੈ। ਪੂਰਨ ਦੀ ਲੂਣਾ ਨਾਲ ਗੱਲਬਾਤ ਸਮੇਂ ਜ਼ਿਕਰ ਹੈ ਕਿ ਪੂਰਨ ਆਪਣੀ ਮਾਂ ਦੀ ਪਿਤਾ ਪ੍ਰਤੀ ਪ੍ਰਤੀਕਿਰਿਆ ਨੂੰ ਵੀ ਕਿਤਾਬੀ ਫ਼ਲਸਫੇ ਦੀ ਛਾਨਣੀ ਵਿੱਚ ਛਾਣ ਰਿਹਾ ਹੈ। ਪੂਰਨ ਨੂੰ ਵੀ ਆਪਣੀ ਮਾਂ ਦੇ ਮਮਤਾਮਈ ਅਹਿਸਾਸਾਂ ਦਾ ਖਿਆਲ ਨਹੀਂ ਹੈ ਬਲਕਿ ਉਸ ਅੰਦਰ ਵੀ ਆਪਣੇ ਬਾਪ ਸਲਵਾਨ ਦੀ ਉਲਝੀ ਹੋਈ ਤਾਣੀ ਦਾ ਹੀ ਖਿਆਲ ਹੈ। ਨਾਟਕਕਾਰ ਨੇ ਪੂਰਨ ਨੂੰ ਪੱਛਮੀ ਸੱਭਿਆਚਾਰ ਦੇ ਮੁਤਾਬਕ ਅਠਾਰਾਂ ਸਾਲ ਦਾ ਪੇਸ਼ ਕੀਤਾ ਹੈ ਜੋ ਕਿ ਆਜ਼ਾਦ ਹੈ। ਉਸ ਨੂੰ ਲੂਣਾ ਤੇ ਸਲਵਾਨ ਦੀ ਮਾਨਸਿਕ ਹਾਲਤ ਦੀ ਸੋਝੀ ਹੈ, ਪਰ ਇੱਛਰਾਂ ਦੇ ਮਮਤਾਮਈ ਅਹਿਸਾਸਾਂ ਦੀ ਸੋਝੀ ਨਹੀਂ ਹੈ। ਇੱਥੋਂ ਇਹ ਪਤਾ ਲਗਦਾ ਹੈ ਕਿ ਨਾਟਕ ਦੇ ਪਾਤਰਾਂ ਦੇ ਪ੍ਰਤਿਕਰਮ ਮੂਲ ਕਥਾ ਵਿਚਲੀਆਂ ਨੈਤਿਕ ਕਦਰਾਂ ਕੀਮਤਾਂ ਨਾਲ ਮੇਲ ਨਹੀਂ ਖਾਂਦੇ ਹਨ:

ਪੂਰਨ: ਮੈਂ ਮਾਤਾ ਇੱਛਰਾਂ ਦੀ
ਘੂਕ ਸੁੱਤੀ ਬਰਫ ਨੂੰ ਵੀ,
ਕਿਤਾਬੀ ਫ਼ਲਸਫੇ ਦੀ ਛਾਨਣੀ ਵਿੱਚ
ਛਾਣਦਾ ਹਾਂ!
ਤੇਰੇ ਇਕਲਾਪਿਆਂ ਦੀ ਚੀਸ ਦੇ ਵੀ
ਮੈਂ ਆਪਣੇ ਦੋਸਤਾਂ ਵਾਂਗੂੰ
ਬਕਾਇਦਾ ਹਾਣ ਦਾ ਹਾਂ!!
ਤੇ ਉਲਝੇ ਹੋਏ ਬਾਪ ਦੀ ਤਾਣੀ

ਬੜੀ ਪਹਿਚਾਣਦਾ ਹਾਂ!![12]

ਨਾਟਕਕਾਰ ਨੇ ਸ਼ਿਵ ਵਾਂਗ ਕੇਂਦਰੀ ਪਾਤਰ ਲੂਣਾ ਨੂੰ ਹੀ ਬਣਾਇਆ ਹੈ ਤੇ ਸਲਵਾਨ ਨੂੰ ਬੇਹੱਦ ਨਿਮਾਣਾ ਤੇ ਬੇਵੱਸ ਪਾਤਰ ਪੇਸ਼ ਕੀਤਾ ਹੈ। ਨਾਟਕ ਦੇ ਪਾਤਰ ਰਜਵਾੜਾਸ਼ਾਹੀ ਸਮਾਜ ਦੇ ਨਹੀਂ ਲਏ ਬਲਕਿ ਆਮ ਸਾਧਾਰਨ ਜ਼ਿੰਦਗੀ ਦੇ ਪਾਤਰ ਹਨ। ਇੱਛਰਾਂ ਪੱਛਮੀ ਸਮਾਜ ਦੇ ਰਿਸ਼ਤੇ ਨਾਤੇ ਪ੍ਰਣਾਲੀ ਨੂੰ ਸਮਝਦੀ ਹੈ। ਕੋਈ ਵੀ ਇਨਸਾਨ ਜਦੋਂ ਮਰਜ਼ੀ ਆਪਣੀਆਂ ਇੱਛਾਵਾਂ ਲਈ ਕਿਸੇ ਨਾਲ ਰਿਸ਼ਤਾ ਜੋੜ ਸਕਦਾ ਹੈ ਤੇ ਤੋੜ ਵੀ ਸਕਦਾ ਹੈ। ਇਸ ਲਈ ਇੱਛਰਾਂ ਸਲਵਾਨ ਦੇ ਲੂਣਾ ਕੋਲ ਪੰਜਾਬ ਜਾਣ ਸਮੇਂ ਕੋਈ ਵੀ ਕਿੰਤੂ ਪ੍ਰੰਤੂ ਕਰਦੀ ਨਜ਼ਰੀਂ ਨਹੀਂ ਪੈਂਦੀ ਤੇ ਇਵੇਂ ਹੀ ਪੂਰਨ ਭਾਰਤੀ ਮਰਿਆਦਾ ਦੀ ਕੈਦ ਵਿੱਚ ਵਿਚਰਦਾ ਪੂਰਨ ਨਹੀਂ ਹੈ ਬਲਕਿ ਪੱਛਮੀ ਸਮਾਜ ਦਾ ਚੇਤੰਨ ਪੂਰਨ ਹੈ ਜੋ ਕਿ ਮਮਤਾ ਦੇ ਪੱਲੂ ਵਿੱਚ ਗ੍ਰਸਤ ਅਤੇ ਮਰਿਆਦਾ ਦੀ ਕੈਦ ਵਿੱਚ ਗ੍ਰਸਤ ਨਾ ਹੋ ਕੇ ਆਪਣੀ ਆਜ਼ਾਦ ਸੋਚ ਸਦਕਾ ਲੂਣਾ ਨੂੰ ਪ੍ਰਵਾਨ ਕਰਦਾ ਹੈ। ਪੂਰਨ ਨੈਤਿਕਤਾ ਦਾ ਪੱਲਾ ਛੱਡਕੇ ਕੁਦਰਤ ਦੇ ਹੱਕ ਵਿੱਚ ਫੈਸਲਾ ਕਰ ਕੇ ਮੱਧਕਾਲ ਦੇ ਪੂਰਨ ਦੀ ਕਥਾ ਨੂੰ ਤੋੜਦਾ ਦਿਖਾਈ ਦਿੰਦਾ ਹੈ। ਇਸ ਕਾਵਿ-ਨਾਟ ਵਿਚਲਾ ਪੂਰਨ ਵਿਰਾਸਤ ਵਿੱਚ ਮਿਲੀ ਰਿਸ਼ਤੇ ਦੀ ਨੈਤਿਕਤਾ ਨੂੰ ਭਾਵੇਂ ਭੰਗ ਨਹੀਂ ਕਰਨਾ ਚਾਹੁੰਦਾ ਪਰ ਪੂੰਜੀਵਾਦੀ ਕੀਮਤਾਂ ਵਿੱਚ ਵਿਚਰ ਰਿਹਾ ਹੋਣ ਕਰਕੇ ਉਹ ਰਿਸ਼ਤਿਆਂ ਦੀ ਕੀਮਤ ਨੂੰ ਮੰਨਣ ਤੋਂ ਇਨਕਾਰੀ ਹੈ। ਇਸ ਕਥਾ ਵਿਚਲਾ ਸਲਵਾਨ ਇੱਛਰਾਂ ਦੇ ਪੂਰਨ 'ਚ ਰੂਪਾਂਤਰਿਤ ਹੋ ਜਾਣ ਤੋਂ ਬਾਅਦ ਲੂਣਾ ਨੂੰ ਪ੍ਰਾਪਤ ਕਰ ਲੈਂਦਾ ਹੈ ਪਰ ਲੂਣਾ ਨੂੰ ਹਮ ਉਮਰ ਨਰ ਸਲਵਾਨ ਵਿੱਚੋਂ ਨਜ਼ਰ ਨਹੀਂ ਆਉਂਦਾ। ਦੇਵਿੰਦਰ ਸੈਫ਼ੀ ਅਨੁਸਾਰ:

ਸਲਵਾਨ ਅਤੇ ਇੱਛਰਾਂ ਹਰ ਪੁਰਸ਼ ਤੇ ਨਾਰੀ ਦੀ ਮਾਨਸਿਕਤਾ ਦੇ ਬੋਧਕ ਬਣਦੇ ਹਨ। ਇੱਛਰਾਂ ਪੂਰਨ ਦਾ ਬੀਜ ਆਪਣੇ ਅੰਦਰ ਧਰਨ ਕਰਕੇ ਉਸ ਜ਼ਮੀਨ ਵਾਂਗ ਬਣ ਚੁੱਕੀ ਹੈ ਜਿਸ ਵਿੱਚ ਫਸਲ ਪੱਕਣ ਤੱਕ ਸਿਆੜ ਨਹੀਂ ਪਾਏ ਜਾ ਸਕਦੇ, ਪਰ ਸਲਵਾਨ ਦੇ ਪੁਰਸ਼-ਚਿੱਤ ਦੀ ਤ੍ਰਿਪਤੀ ਦੀ ਤਾਂਘ ਇਸ ਸਥਿਤੀ ਵਿੱਚ ਵੱਡੀ ਸਮੱਸਿਆ ਬਣ ਜਾਂਦੀ ਹੈ। ਇੱਛਰਾਂ ਦਾ ਸੰਪੂਰਨਤਾ ਵੱਲ ਵਧਣਾ ਤੇ ਭਖਦੇ ਕਾਮ-ਚਿਹਨਾਂ ਨੂੰ ਅਲਵਿਦਾ ਕਹਿਣਾ ਉਸ ਦੀ ਮਾਨਸਿਕ ਸਥਿਤੀ ਦਾ ਸੱਚ ਹੈ। [13]

ਪੂੰਜੀਵਾਦੀ ਕੀਮਤ ਪ੍ਰਬੰਧ ਵਿੱਚ ਕਵੀ ਉਹਨਾਂ ਪਹਿਲੂਆਂ ਨੂੰ ਨਿਧੜਕ ਹੋ ਕੇ ਚਿਤਰਦਾ ਹੈ ਜਿਹੜੇ ਅਜੋਕੇ ਸਮੇਂ ਦੇ ਸਮਾਜ ਵਿੱਚ ਪ੍ਰਚਲਿਤ ਹਨ। ਲੂਣਾ ਪੂੰਜੀਵਾਦੀ ਪ੍ਰਬੰਧ ਵਿੱਚ

ਜਗੀਰਦਾਰੀ ਕੀਮਤਾਂ ਨੂੰ ਖ਼ਤਮ ਕਰਦੀ ਦਿਖਾਈ ਗਈ ਹੈ। ਉਹ ਜ਼ਿੰਦਗੀ ਦੇ ਵਿਧਾਨ ਨੂੰ ਰੱਦ ਕਰਦੀ ਹੋਈ ਪੂਰਨ ਰੂਪ ਵਿੱਚ ਪਰੰਪਰਾ ਤੇ ਅਖੌਤੀ ਨੈਤਿਕਤਾ ਨੂੰ ਮੰਨਣ ਤੋਂ ਇਨਕਾਰੀ ਹੈ ਅਤੇ ਉਹ ਪੂੰਜੀਵਾਦੀ ਵਿਵਸਥਾ ਦੇ ਮੂਲ ਸੁਭਾਅ ਨੂੰ ਸਥਾਪਿਤ ਕਰ ਰਹੀ ਹੈ। ਰਿਸ਼ਤੇ ਨੂੰ ਵਰਤਮਾਨ ਰੂਪ ਵਿੱਚ ਪ੍ਰਵਾਨ ਕਰਕੇ ਹੰਢਾਉਣਾ ਹੀ ਲੂਣਾ ਦੀ ਮਾਨਸਿਕਤਾ ਤੇ ਪੂੰਜੀਵਾਦੀ ਲੋੜ ਵਿੱਚੋਂ ਉਪਜਿਆ ਸਮਾਜਕ ਯਥਾਰਥ ਹੈ। ਪਲੰਘ ਪੰਘੂੜਾ ਸਮਾਨ ਰੂਪ ਵਿੱਚ ਲੂਣਾ ਅਤੇ ਪੂਰਨ ਦੀ ਵਰਤਮਾਨ ਹੋਣੀ ਦਾ ਯਥਾਰਥ ਹੈ।

ਇਕਬਾਲ ਸਿੰਘ ਰਾਮੂਵਾਲੀਆ ਨੇ ਇੱਛਰਾਂ ਦਾ ਜੋ ਪਾਤਰ ਪੇਸ਼ ਕੀਤਾ ਹੈ ਉਹ ਪੱਛਮ ਦੀ ਧਰਤੀ ਉੱਪਰ ਵਿਚਰ ਰਿਹਾ ਹੈ ਜੋ ਕਿ ਭਾਰਤੀ ਰੰਗਣ ਵਿੱਚ ਚਿਤਰੀ ਗਈ ਪਰੰਪਰਾਗਤ ਇੱਛਰਾਂ ਤੋਂ ਉੱਕਾ ਹੀ ਭਿੰਨ ਹੈ। ਉਸ ਵਿੱਚ ਆਪਣਾ ਪੱਖ ਰੱਖਣ ਦੀ ਹਿੰਮਤ ਹੈ ਤੇ ਆਪਣੀ ਹੋਂਦ ਦਾ ਅਹਿਸਾਸ ਹੈ। ਕਵੀ ਨੇ ਸਮੇਂ ਤੇ ਸਥਾਨ ਦੀ ਵਿੱਥ ਦਾ ਪੂਰਾ ਖਿਆਲ ਰੱਖਿਆ ਹੈ। ਇਹੋ ਇੱਛਰਾਂ ਜੇ ਪੂਰਬ ਦੀ ਧਰਤੀ ਉੱਪਰ ਸਲਵਾਨ ਨਾਲ ਗੱਲ ਕਰਦੀ ਤਾਂ ਉਸ ਅੱਗੇ ਦਲੀਲਾਂ ਪੇਸ਼ ਕਰਨ ਦੀ ਉਸ ਵਿੱਚ ਜੁਅਰਤ ਨਹੀਂ ਹੋਣੀ ਸੀ। ਫਿਰ ਉਸ ਨੇ ਸਲਵਾਨ ਅੱਗੇ ਕਾਦਰਯਾਰ ਦੇ ਕਿੱਸੇ ਵਾਂਗ ਲਾਚਾਰੀ ਦਾ ਸਾਹਮਣਾ ਕਰਦਿਆਂ ਅੰਨ੍ਹੀ ਹੋ ਜਾਣਾ ਸੀ ਤੇ ਜਾਂ ਫਿਰ ਪ੍ਰੋ. ਪੂਰਨ ਸਿੰਘ ਦੇ ਪੂਰਨ ਨਾਥ ਜੋਗੀ ਵਾਂਗ ਮਿਹਣੇ ਤੇ ਦੁਰ ਅਸੀਸਾਂ ਦੇਣ ਜੋਗੀ ਰਹਿ ਜਾਣਾ ਸੀ। ਇਸ ਨਾਟਕ ਦੀ ਇੱਛਰਾਂ ਪਰਵਾਸੀ ਜੀਵਨ ਸੰਦਰਭ ਨੂੰ ਸਮਝਦੀ ਹੋਈ ਸਲਵਾਨ ਨੂੰ ਦੂਜਾ ਵਿਆਹ ਕਰਨ ਤੋਂ ਨਹੀਂ ਰੋਕਦੀ ਅਤੇ ਨਾ ਹੀ ਕੋਈ ਰੋਸ ਜ਼ਾਹਰ ਕਰਦੀ ਹੈ। ਉਹ ਆਪਣੀ ਰੂਹ ਨੂੰ ਪੰਘੂੜੇ ਵਿੱਚ ਸਮਾ ਕੇ ਪਲੰਘ ਨੂੰ ਅਲਵਿਦਾ ਆਖ ਦਿੰਦੀ ਹੈ। ਪੂਰਨ ਜਤ ਸਤ ਦਾ ਪ੍ਰਤੀਕ ਪਾਤਰ ਨਹੀਂ ਹੈ ਬਲਕਿ ਉਹ ਮਰਿਆਦਾ ਨੂੰ ਉਲੰਘਦਾ ਦਿਖਾਈ ਦਿੰਦਾ ਹੈ। ਇੱਛਰਾਂ ਦੀ ਸਥਿਤੀ ਵੀ ਮੂਲ ਕਥਾ ਦੇ ਬਿਲਕੁਲ ਉਲਟ ਹੈ। ਇਕਬਾਲ ਰਾਮੂਵਾਲੀਆ ਦੇ ਨਾਟਕ ਵਿੱਚ ਇੱਛਰਾਂ ਆਪਣੀਆਂ ਦਲੀਲਾਂ ਸਲਵਾਨ ਅੱਗੇ ਰੱਖਣ ਦੀ ਜੁਅਰਤ ਰੱਖਦੀ ਹੈ। ਇਕਬਾਲ ਰਾਮੂਵਾਲੀਆ ਦੇ ਨਾਟਕ ਪਲੰਘ ਪੰਘੂੜਾ ਵਿੱਚ ਵੀ ਨਾਟਕਕਾਰ ਮਿੱਥ ਨੂੰ ਮੂਲੋਂ ਹੀ ਵਿਸਾਰ ਰਿਹਾ ਹੈ। ਇਸ ਨਾਟਕ ਦੇ ਪਾਤਰ ਪਰਵਾਸੀ ਜੀਵਨ ਹੰਢਾ ਰਹੇ ਹਨ। ਪਾਤਰ ਭਾਵੇਂ ਸਾਰੇ ਮੂਲ ਕਥਾ ਵਾਲੇ ਹਨ ਪਰ ਉਨ੍ਹਾਂ ਦਾ ਇਸ ਨਾਟਕ ਵਿਚ ਰੋਲ ਬਿਲਕੁਲ ਬਦਲਿਆ ਹੋਇਆ ਹੈ। ਇਹ ਨਾਟਕ ਬਿਲਕੁਲ ਹੀ ਮੂਲ ਕਥਾ ਦੇ ਘੇਰੇ ਵਿੱਚ ਨਹੀਂ ਵਿਚਰਦਾ। ਜੇਕਰ ਇਵੇਂ ਹੀ ਸਾਡੇ ਸਮਾਜ ਵਿੱਚ ਬੱਚੇ ਦੇ ਹੋਣ ਤੇ ਮਾਤਾ-ਪਿਤਾ ਵਿੱਚ

ਫ਼ਰਕ ਪੈਣ ਲੱਗ ਜਾਣਗੇ ਤਾਂ ਸੁਭਾਵਿਕ ਹੈ ਕਿ ਇਹ ਦੂਜੇ ਵਿਆਹ ਵਿੱਚ ਵੀ ਹੋਵੇਗਾ। ਇਸ ਲਈ ਦੂਜਾ ਵਿਆਹ ਇਸਦਾ ਕੋਈ ਹੱਲ ਨਹੀਂ ਹੈ। ਇਸੇ ਤਰ੍ਹਾਂ ਪੂਰਨ ਦੁਆਰਾ ਆਪਣੀ ਮਤਰੇਈ ਮਾਂ ਲੂਣਾਂ ਲਈ ਸੇਜ ਸਾਂਝੀ ਕਰ ਲੈਣਾ ਵੀ ਕਦਾਚਿਤ ਉੱਚਿਤ ਨਹੀਂ ਹੈ। ਇਸ ਲਈ ਇਸ ਨਾਟਕ ਦੇ ਪਾਤਰ ਕਥਾ ਨੂੰ ਉਲੰਘਦੇ ਦਿਖਾਈ ਦਿੰਦੇ ਹਨ। ਪਰੰਪਰਕ ਕਥਾ ਜਾਂ ਕਦਰਾਂ-ਕੀਮਤਾਂ ਦੀ ਹੋਈ ਕਿਸੇ ਨਵੀਂ ਵਿਆਖਿਆ ਦੇ ਉੱਚਿਤ ਅਣਉੱਚਿਤ ਹੋਣ ਬਾਰੇ ਵਾਦ-ਵਿਵਾਦ ਉਦੋਂ ਹੀ ਪੈਦਾ ਹੁੰਦੇ ਹਨ ਜਦੋਂ ਕੋਈ ਰਚਨਾਕਾਰ ਪਰੰਪਰਕ ਅਰਥਾਂ ਅਤੇ ਕੀਮਤਾਂ ਨੂੰ ਮੂਲੋਂ ਹੀ ਨਕਾਰ ਕੇ ਨਵੀਨਤਾ ਲਈ ਗ਼ੈਰ ਜ਼ਿੰਮੇਵਾਰਾਨਾ ਨਿੱਜਵਾਦੀ ਪਹੁੰਚ ਦਾ ਪ੍ਰਗਟਾਵਾ ਕਰਦਿਆਂ ਕਾਹਲੀ ਵਿਚ ਨਵੇਂ ਅਰਥ ਪ੍ਰਦਾਨ ਕਰਨ ਦੀ ਜ਼ਿੱਦ ਕਰਦਾ ਹੈ।

**ਹਵਾਲੇ**


1. ਇਕਬਾਲ ਰਾਮੂਵਾਲੀਆ,ਸੜਦੇ ਸਾਜ਼ ਦੀ ਸਰਗਮ,ਚੇਤਨਾ ਪ੍ਰਕਾਸ਼ਨ,ਲੁਧਿਆਣਾ,2012,ਪੰਨੇ 8-9
2. ਇਕਬਾਲ ਰਾਮੂਵਾਲੀਆ, ਪਲੰਘ ਪੰਘੂੜਾ, ਅਜੰਤਾ ਬੁਕਸ ਇੰਟਰਨੈਸ਼ਨਲ, ਦਿੱਲੀ,2000, ਪੰਨਾ 9
3. ਦੇਵਿੰਦਰ ਸੈਫ਼ੀ,ਇਕਬਾਲ ਰਾਮੂਵਾਲੀਆ ਕਾਵਿ:ਉਤਰ-ਆਧੁਨਿਕ ਪਰਿਪੇਖ,ਆਰਸੀ ਪਬਲਿਸ਼ਰਜ਼,ਮਿਤੀ ਹੀਣ, ਦਿੱਲੀ, ਪੰਨਾ 112
4. ਇਕਬਾਲ ਰਾਮੂਵਾਲੀਆ, ਪਲੰਘ ਪੰਘੂੜਾ, ਅਜੰਤਾ ਬੁਕਸ ਇੰਟਰਨੈਸ਼ਨਲ, ਦਿੱਲੀ, 2000, ਪੰਨੇ 70-71
5. ਉਹੀ,ਪੰਨਾ 9
6. ਉਹੀ,ਪੰਨਾ 64
7. ਉਹੀ,ਪੰਨਾ 73
8. ਉਹੀ, ਪੰਨਾ 65
9. ਉਹੀ, ਪੰਨਾ 71
10. ਦੇਵਿੰਦਰ ਸੈਫ਼ੀ, ਇਕਬਾਲ ਰਾਮੂਵਾਲੀਆ ਕਾਵਿ:ਉਤਰ-ਆਧੁਨਿਕ ਪਰਿਪੇਖ,ਆਰਸੀ ਪਬਲਿਸ਼ਰਜ਼, ਦਿੱਲੀ,ਮਿਤੀ ਹੀਣ, ਪੰਨਾ117

11. ਇਕਬਾਲ ਰਾਮੂਵਾਲੀਆ, ਪਲੰਘ ਪੰਘੂੜਾ, ਅਜੰਤਾ ਬੁਕਸ ਇੰਟਰਨੈਸ਼ਨਲ, ਦਿੱਲੀ, 2000, ਪੰਨੇ77 -78
12. ਉਹੀ, ਪੰਨੇ135-136
13. ਦੇਵਿੰਦਰ ਸੈਫ਼ੀ, ਇਕਬਾਲ ਰਾਮੂਵਾਲੀਆ ਕਾਵਿ:ਉਤਰ-ਆਧੁਨਿਕ ਪਰਿਪੇਖ,ਆਰਸੀ ਪਬਲਿਸ਼ਰਜ਼, ਦਿੱਲੀ,ਮਿਤੀ ਹੀਣ, ਪੰਨਾ119